# ਆਕਾਸ਼ਵਾਣੀ ਜਲੰਧਰ

# ਰਾਸ਼ਟਰੀ ਖਬਰਾਂ ਪੰਜਾਬੀ

**08:30**

**ਮਿਤੀ :11-08-2026**

## *ਪਹਿਲਾ ਬੁਲੇਟਿਨ ਦੀਆਂ ਖਾਸ ਖਬਰਾਂ*

- ਸੰਸਦ ਨੇ ਟੈਕਸੇਸ਼ਨ ਅਤੇ ਹੋਰ ਵਿਧੀਆਂ ਕਾਨੂੰਨ (ਸੋਧ) ਬਿੱਲ, 2026 ਨੂੰ ਪਾਸ ਕਰ ਦਿੱਤਾ ਏ।

- ਸਰਕਾਰ ਨੇ ਈ-ਵੀਜ਼ਾ ਰੱਖਣ ਵਾਲੇ ਵਿਦੇਸ਼ੀ ਨਾਗਰਿਕਾਂ ਲਈ ਭਾਰਤ ਵਿੱਚ ਦਾਖਿਲ ਹੋਣ ਦੀ ਸਹੂਲਤ ਵਾਸਤੇ ਪੰਜਾਬ ਦੇ ਅਟਾਰੀ ਜ਼ਮੀਨੀ ਬੰਦਰਗਾਹ ਸਮੇਤ ਗਿਆਰਾਂ ਹੋਰ ਅੰਤਰਰਾਸ਼ਟਰੀ ਬੰਦਰਗਾਹਾਂ ਨੂੰ ਨੋਟੀਫਾਈ ਕੀਤਾ ਏ।

- ਝਾਰਖੰਡ ਵਿਦਿਆਰਥੀ ਅੰਦੋਲਨ ਨੇਤਾ ਦੇਵੇਂਦਰ ਨਾਥ ਮਹਤੋ ਸਿਹਤ ਵਿਗੜਨ ਤੋਂ ਬਾਅਦ ਹਸਪਤਾਲ ਵਿੱਚ ਦਾਖਲ. ਵਿਦਿਆਰਥੀਆਂ 'ਤੇ ਲਾਠੀ ਚਾਰਜ ਦੇ ਵਿਰੋਧ ਵਿੱਚ, ਅੱਜ ਭਾਜਪਾ ਦਾ ਝਾਰਖੰਡ ਬੰਦ ਦਾ ਸੱਦਾ।

- ਦੇਸ਼ ਅੱਜ ਇਨਕਲਾਬੀ ਆਜ਼ਾਦੀ ਘੁਲਾਟੀਏ ਖੁਦੀਰਾਮ ਬੋਸ ਨੂੰ ਉਨ੍ਹਾਂ ਦੇ 119ਵੇਂ ਸ਼ਹੀਦੀ ਦਿਵਸ 'ਤੇ ਸ਼ਰਧਾਂਜਲੀ ਭੇਟ ਕਰ ਰਿਹਾ ਏ।

- ਪੱਛਮੀ ਕੋਲੰਬੀਆ ਵਿੱਚ ਕੱਲ੍ਹ ਆਏ 7.4 ਤੀਬਰਤਾ ਵਾਲੇ ਸ਼ਕਤੀਸ਼ਾਲੀ ਭੂਚਾਲ ਵਿੱਚ, 132 ਲੋਕਾਂ ਦੀ ਮੌਤ ਅਤੇ 570 ਹੋਰ ਜ਼ਖ਼ਮੀ।

- ਨਾਈਜੀਰੀਆ ਦੇ ਲਾਗੋਸ ਵਿੱਚ, ਰਾਸ਼ਟਰਮੰਡਲ ਅੰਡਰ-23 ਤਲਵਾਰਬਾਜ਼ੀ ਚੈਂਪੀਅਨਸ਼ਿਪ ਵਿਚ, ਭਾਰਤ ਨੇ 4 ਸੋਨੇ ਦੇ, ਤਮਗਿਆਂ ਸਮੇਤ ਕੁੱਲ੍ਹ 17 ਤਮਗੇ ਜਿੱਤੇ।

## *ਹੁਣ ਖਬਰਾਂ ਵਿਸਥਾਰ ਨਾਲ*

ਸੰਸਦ ਨੇ ਟੈਕਸੇਸ਼ਨ ਅਤੇ ਹੋਰ ਵਿਧੀਆਂ ਕਾਨੂੰਨ (ਸੋਧ) ਬਿੱਲ, 2026 ਨੂੰ ਪਾਸ ਕਰ ਦਿੱਤਾ ਏ । ਰਾਜ ਸਭਾ ਨੇ ਚਰਚਾ ਤੋਂ ਬਾਅਦ ਬਿੱਲ ਨੂੰ ਲੋਕ ਸਭਾ ਵਿੱਚ ਵਾਪਸ ਕਰ ਦਿੱਤਾ। ਲੋਕ ਸਭਾ ਪਹਿਲਾਂ ਹੀ ਬਿੱਲ ਨੂੰ ਪਾਸ ਕਰ ਚੁੱਕੀ ਏ । ਕੇਂਦਰੀ ਖਜ਼ਾਨਾ ਮੰਤਰੀ ਨਿਰਮਲਾ ਸੀਤਾਰਮਨ ਨੇ ਕਿਹਾ ਕਿ ਬਿੱਲ ਦਾ ਉਦੇਸ਼ ਭਾਰਤ ਦੇ ਨਿਰਮਾਣ ਸਿਲਸਿਲੇ ਨੂੰ ਮਜ਼ਬੂਤ

ਕਰਨਾ, ਵਧੇਰੇ ਨਿਵੇਸ਼ ਨੂੰ ਆਕਰਸ਼ਿਤ ਕਰਨਾ, ਨੌਕਰੀਆਂ ਪੈਦਾ ਕਰਨਾ ਅਤੇ ਨਿਰਮਾਣ ਗਤੀਵਿਧੀਆਂ ਨੂੰ ਹੁਲਾਰਾ ਦੇਣਾ ਏ। ਮੰਤਰੀ ਨੇ ਸਪੱਸ਼ਟ ਕੀਤਾ ਕਿ ਬਿੱਲ UPI ਉਪਭੋਗਤਾਵਾਂ 'ਤੇ ਕੋਈ ਟੈਕਸ ਜਾਂ ਲੈਣ-ਦੇਣ ਫੀਸ ਨਹੀਂ ਲਗਾਉਂਦਾ ਏ -

**Byte - SITHARAMAN**

---------------------------------------------------------------

ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਅੱਜ ਲੋਕ ਸਭਾ ਵਿੱਚ ਕੇਰਲ (ਨਾਂ ਤਬਦੀਲੀ) ਬਿੱਲ, 2026 ਅਤੇ ਰਾਸ਼ਟਰੀ ਸਹਿਕਾਰੀ ਵਿਕਾਸ ਨਿਗਮ (ਸੋਧ) ਬਿੱਲ, 2026 ਨੂੰ ਵਿਚਾਰ ਅਤੇ ਪਾਸ ਕਰਨ ਲਈ ਪੇਸ਼ ਕਰਨਗੇ. ਸ਼੍ਰੀ ਸ਼ਾਹ ਕੇਰਲ ਰਾਜ ਦਾ ਨਾਂ ਬਦਲਣ ਦੀ ਮੰਗ ਕਰਨ ਵਾਲੇ ਬਿੱਲ 'ਤੇ ਵਿਚਾਰ ਲਈ ਇੱਕ ਮਤਾ ਪੇਸ਼ ਕਰਨਗੇ। ਉਹ ਰਾਸ਼ਟਰੀ ਸਹਿਕਾਰੀ ਵਿਕਾਸ ਨਿਗਮ (ਸੋਧ) ਬਿੱਲ, 2026 ਵੀ ਪੇਸ਼ ਕਰਨਗੇ, ਜੋ ਰਾਸ਼ਟਰੀ ਸਹਿਕਾਰੀ ਵਿਕਾਸ ਨਿਗਮ ਕਾਨੂੰਨ, 1962 ਵਿੱਚ ਹੋਰ ਸੋਧ ਕਰਨ ਬਾਰੇ ਏ. ਰਾਜ ਸਭਾ ਵਿੱਚ ਟ੍ਰਿਬਿਊਨਲ ਸੁਧਾਰ ਬਿੱਲ, 2026 ਨੂੰ ਵਿਚਾਰ ਅਤੇ ਪਾਸ ਕਰਨ ਲਈ ਲਿਆ ਜਾਵੇਗਾ। ਕਾਨੂੰਨ ਅਤੇ ਨਿਆਂ ਰਾਜ ਮੰਤਰੀ ਅਰਜੁਨ ਰਾਮ ਮੇਘਵਾਲ ਬਿੱਲ ਪੇਸ਼ ਕਰਨਗੇ। ਕਾਨੂੰਨ ਵਿੱਚ ਇੱਕ ਰਾਸ਼ਟਰੀ ਟ੍ਰਿਬਿਊਨਲ ਕਮਿਸ਼ਨ ਕਾਇਮ ਕਰਨ ਦੀ ਵੀ ਤਜਵੀਜ਼ ਏ।

---

ਸਰਕਾਰ ਨੇ ਈ-ਵੀਜ਼ਾ ਰੱਖਣ ਵਾਲੇ ਵਿਦੇਸ਼ੀ ਨਾਗਰਿਕਾਂ ਲਈ ਭਾਰਤ ਵਿੱਚ ਦਾਖਿਲ ਹੋਣ ਦੀ ਸਹੂਲਤ ਵਾਸਤੇ ਗਿਆਰਾਂ ਹੋਰ ਅੰਤਰਰਾਸ਼ਟਰੀ ਬੰਦਰਗਾਹਾਂ ਨੂੰ ਨੋਟੀਫਾਈ ਕੀਤਾ ਏ. ਗ੍ਰਹਿ ਮੰਤਰਾਲੇ ਨੇ ਕਿਹਾ ਕਿ ਇਨ੍ਹਾਂ ਵਿੱਚ ਨੌਂ ਜ਼ਮੀਨੀ ਸਰਹੱਦੀ ਬੰਦਰਗਾਹਾਂ ਅਤੇ ਦੋ ਹਵਾਈ ਅੱਡੇ ਸ਼ਾਮਿਲ ਨੇ. ਇਨ੍ਹਾਂ ਵਿੱਚ ਭੋਪਾਲ ਅਤੇ ਤਿਰੂਪਤੀ ਦੇ ਹਵਾਈ ਅੱਡੇ ਅਤੇ ਅਟਾਰੀ ਅਤੇ ਅਗਰਤਲਾ ਦੇ ਜ਼ਮੀਨੀ ਸਰਹੱਦੀ ਬੰਦਰਗਾਹ ਸ਼ਾਮਿਲ ਨੇ. ਮੰਤਰਾਲੇ ਨੇ ਕਿਹਾ ਕਿ ਇਨ੍ਹਾਂ ਬੰਦਰਗਾਹਾਂ ਦੇ ਜੁੜਨ ਨਾਲ ਇਲੈਕਟ੍ਰਾਨਿਕ ਵੀਜ਼ਾ ਨੂੰ ਹੋਰ ਵੀ ਲਾਭਦਾਇਕ ਬਣਾ ਦਿੱਤਾ ਏ । ਮੰਤਰਾਲੇ ਨੇ ਇਹ ਵੀ ਕਿਹਾ ਏ ਕਿ ਭਾਰਤ 72 ਘੰਟਿਆਂ ਤੋਂ ਵੀ ਘੱਟ ਸਮੇਂ ਵਿੱਚ ਕਰੀਬ 95 ਫੀਸਦੀ ਈ-ਵੀਜ਼ਾ ਅਰਜ਼ੀਆਂ ਨੂੰ ਮਨਜ਼ੂਰੀ ਦਿੰਦਾ ਏ । ਇਨ੍ਹਾਂ ਨਵੀਆਂ ਬੰਦਰਗਾਹਾਂ ਦੇ ਜੋੜਨ ਨਾਲ, ਈ-ਵੀਜ਼ਾ ਰੱਖਣ ਵਾਲੇ ਵਿਦੇਸ਼ੀ ਨਾਗਰਿਕਾਂ ਲਈ ਉਪਲਬਧ ਅੰਤਰਰਾਸ਼ਟਰੀ ਪ੍ਰਵੇਸ਼ ਬੰਦਰਗਾਹਾਂ ਦੀ ਗਿਣਤੀ 88 ਹੋ ਗਈ ਏ। ਇਨ੍ਹਾਂ ਵਿੱਚ 37 ਹਵਾਈ ਅੱਡੇ, 38 ਸਮੁੰਦਰੀ ਬੰਦਰਗਾਹਾਂ ਅਤੇ 13 ਜ਼ਮੀਨੀ ਸਰਹੱਦੀ ਬੰਦਰਗਾਹ ਸ਼ਾਮਿਲ ਨੇ।

---

ਵਪਾਰ ਤੇ ਸਨਅਤ ਮੰਤਰੀ ਪਿਊਸ਼ ਗੋਇਲ ਨੇ ਕਿਹਾ ਏ ਕਿ ਸਰਕਾਰੀ ਈ-ਮਾਰਕੀਟਪਲੇਸ, GeM ਪੋਰਟਲ, ਸਹੀ ਉਤਪਾਦ ਦੀ ਸਹੀ

ਗੁਣਵੱਤਾ, ਢੁਕਵੀਂ ਕੀਮਤ ਅਤੇ ਸਹੀ ਸਮੇਂ 'ਤੇ ਖਰੀਦ ਨੂੰ ਦਰਸਾਉਂਦਾ ਏ । ਸ਼੍ਰੀ ਗੋਇਲ ਨੇ ਕੱਲ੍ਹ ਨਵੀਂ ਦਿੱਲੀ ਵਿੱਚ GeM ਪੋਰਟਲ ਦੇ 10ਵੇਂ ਸਥਾਪਨਾ ਦਿਵਸ 'ਤੇ ਇਹ ਗੱਲ ਕਹੀ. ਉਨ੍ਹਾਂ ਕਿਹਾ ਕਿ GeM ਦੇ ਆਉਣ ਤੋਂ ਪਹਿਲਾਂ, ਸਰਕਾਰੀ ਫੰਡਾਂ ਦੀ ਦੁਰਵਰਤੋਂ ਹੋ ਰਹੀ ਸੀ, ਖਰੀਦ ਵਿੱਚ ਪਾਰਦਰਸ਼ਿਤਾ, ਅਤੇ ਚੰਗੇ ਸ਼ਾਸਨ ਦੀ ਘਾਟ ਸੀ।

ਸ਼੍ਰੀ ਗੋਇਲ ਨੇ ਕਿਹਾ ਕਿ GeM ਪੋਰਟਲ ਰਾਹੀਂ ਦਿੱਤੇ ਗਏ 3 ਕਰੋੜ ਤੋਂ ਵੱਧ ਆਰਡਰਾਂ ਨਾਲ 20 ਲੱਖ ਕਰੋੜ ਰੁਪਏ ਤੋਂ ਵੱਧ ਦੇ ਸਮਾਨ ਅਤੇ ਸੇਵਾਵਾਂ ਦੀ ਖਰੀਦ ਵਿਚ ਮਦਦ ਮਿਲੀ ਏ. ਉਨ੍ਹਾਂ ਕਿਹਾ ਕਿ ਪਹਿਲੇ ਅੱਠ ਸਾਲਾਂ ਵਿੱਚ 10 ਲੱਖ ਕਰੋੜ ਰੁਪਏ ਦੀਆਂ ਖਰੀਦਾਂ ਕੀਤੀਆਂ ਗਈਆਂ ਸਨ, ਜਦੋਂ ਕਿ ਅਗਲੇ 10 ਲੱਖ ਕਰੋੜ ਰੁਪਏ ਦੀ ਖਰੀਦ ਸਿਰਫ ਦੋ ਸਾਲਾਂ ਵਿੱਚ ਕੀਤੀ ਗਈ ਸੀ । ਕੇਂਦਰੀ ਮੰਤਰੀ ਨੇ ਦੱਸਿਆ ਕਿ 2 ਲਖ 25 ਹਜ਼ਾਰ ਤੋਂ ਵੱਧ ਔਰਤਾਂ ਦੀ ਅਗਵਾਈ ਵਾਲੇ ਉੱਦਮਾਂ ਨੂੰ ਪੋਰਟਲ ਰਾਹੀਂ ਕਰੀਬ 1 ਲੱਖ ਕਰੋੜ ਰੁਪਏ ਦੇ ਆਰਡਰ ਪ੍ਰਾਪਤ ਹੋਏ ਨੇ. ਉਨ੍ਹਾਂ ਅੱਗੇ ਕਿਹਾ ਕਿ 42 ਹਜ਼ਾਰ ਤੋਂ ਵੱਧ ਸਟਾਰਟ-ਅੱਪਸ ਨੇ ਸਰਕਾਰੀ ਉੱਦਮਾਂ ਨਾਲ ਲਗਭਗ 66 ਹਜ਼ਾਰ ਕਰੋੜ ਰੁਪਏ ਦਾ ਕਾਰੋਬਾਰ ਕੀਤਾ ਏ । ਸ਼੍ਰੀ ਗੋਇਲ ਨੇ ਕਿਹਾ ਕਿ GeM ਪੋਰਟਲ ਨੂੰ ਮੁੜ ਡਿਜ਼ਾਈਨ ਕੀਤਾ ਜਾ ਰਿਹਾ ਏ।

ਕੇਂਦਰੀ ਮੰਤਰੀ ਨੇ ਖਰੀਦਦਾਰਾਂ ਅਤੇ ਵੇਚਣ ਵਾਲਿਆਂ ਦੀ ਸਹਾਇਤਾ ਲਈ ਪੰਜ-ਅੰਕਾਂ ਵਾਲਾ ਇੱਕ ਵਿਸ਼ੇਸ਼ ਦੇਸ਼ ਵਿਆਪੀ ਹੈਲਪਡੈਸਕ ਸ਼ਾਰਟ ਕੋਡ 1-4-5-5-0 ਜਾਰੀ ਕੀਤਾ।

---------------------------------------------------

ਝਾਰਖੰਡ ਵਿਦਿਆਰਥੀ ਅੰਦੋਲਨ ਦੇ ਨੇਤਾ ਦੇਵੇਂਦਰ ਨਾਥ ਮਹਤੋ ਨੂੰ ਕੱਲ੍ਹ ਰਾਂਚੀ ਵਿੱਚ ਵਿਧਾਨ ਸਭਾ ਵੱਲ ਵਿਦਿਆਰਥੀਆਂ ਦੀ ਅਗਵਾਈ ਵਾਲੇ ਮਾਰਚ ਦੌਰਾਨ ਸਿਹਤ ਵਿਗੜਨ ਤੋਂ ਬਾਅਦ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਏ। ਡਾਕਟਰਾਂ ਨੇ ਉਨ੍ਹਾਂ ਦੇ ਬਲੱਡ ਸ਼ੂਗਰ ਦੇ ਪੱਧਰ ਵਿੱਚ ਗਿਰਾਵਟ ਤੋਂ ਬਾਅਦ ਉਨ੍ਹਾਂ ਦੀ ਹਾਲਤ ਨਾਜ਼ੁਕ ਦੱਸੀ ਏ। ਸ਼੍ਰੀ ਮਹਤੋ ਰਾਜ ਦੀਆਂ ਭਰਤੀ ਪ੍ਰੀਖਿਆਵਾਂ ਵਿੱਚ ਕਥਿਤ ਬੇਨੇਮੀਆਂ ਨੂੰ ਲੈ ਕੇ ਨੌਂ ਦਿਨਾਂ ਤੋਂ ਭੁੱਖ ਹੜਤਾਲ 'ਤੇ ਨੇ. ਸ਼੍ਰੀ ਮਹਤੋ ਦਾ ਦਾਅਵਾ ਏ ਕਿ ਝਾਰਖੰਡ ਵਿਧਾਨ ਸਭਾ ਨੇੜੇ ਪੁਲਿਸ ਦੇ ਲਾਠੀਚਾਰਜ ਦੌਰਾਨ ਉਹ ਜ਼ਖਮੀ ਹੋਏ ਨੇ.

ਭਾਰਤੀ ਜਨਤਾ ਪਾਰਟੀ ਨੇ ਮੁਜ਼ਾਹਰਾ ਕਾਰੀ ਵਿਦਿਆਰਥੀਆਂ 'ਤੇ ਪੁਲਿਸ ਦੀ ਬੇਰਹਿਮੀ ਅਤੇ ਲਾਠੀਚਾਰਜ ਦੇ ਵਿਰੋਧ ਵਿੱਚ ਅੱਜ ਝਾਰਖੰਡ ਬੰਦ ਦਾ ਸੱਦਾ ਦਿੱਤਾ ਏ। ਭਾਜਪਾ ਦੇ ਸੂਬਾ ਪ੍ਰਧਾਨ ਆਦਿੱਤਿਆ ਸਾਹੂ ਨੇ ਕਿਹਾ ਕਿ ਇਹ ਬੰਦ ਅੱਜ ਅੱਧੀ ਰਾਤ ਤੱਕ ਲਾਗੂ ਰਹੇਗਾ। ਉਨ੍ਹਾਂ ਅੱਗੇ ਕਿਹਾ ਕਿ ਸਾਰੀਆਂ ਜ਼ਰੂਰੀ ਸੇਵਾਵਾਂ ਨੂੰ ਹੜਤਾਲ ਤੋਂ ਬਾਹਰ ਰੱਖਿਆ ਗਿਆ ਏ। ਕੱਲ੍ਹ ਝਾਰਖੰਡ ਵਿਧਾਨ ਸਭਾ ਨੇੜੇ ਹੋਈਆਂ ਝੜਪਾਂ ਵਿੱਚ ਕਈ ਮੁਜ਼ਾਹਰਾ ਕਾਰੀ ਅਤੇ ਚਾਰ ਪੁਲਿਸ ਮੁਲਾਜ਼ਮ ਜ਼ਖਮੀ ਹੋ ਗਏ। ਪੁਲਿਸ ਨੇ ਮੁਜ਼ਾਹਰਾ ਕਾਰੀਆਂ ਵਿਰੁੱਧ ਪਾਣੀ ਦੀਆਂ ਵੁਛਾੜਾਂ ਅਤੇ ਅੱਥਰੂ ਗੈਸ ਦੀ ਵਰਤੋਂ ਕੀਤੀ, ਅਤੇ ਲਾਠੀਚਾਰਜ ਵੀ

ਕੀਤਾ। ਝੜਪਾਂ ਝਾਰਖੰਡ ਵਿਧਾਨ ਸਭਾ ਦੇ ਨੇੜੇ ਮੁਜ਼ਾਹਰਾ ਕਾਰੀਆਂ ਵਲੋਂ ਕਈ ਬੈਰੀਕੇਡ ਤੋੜਨ ਤੋਂ ਬਾਅਦ ਹੋਈਆਂ।

---------------------------------------------------------

ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਖੇਤੀਬਾੜੀ ਸਿੱਖਿਆ, ਖੋਜ ਅਤੇ ਵਿਹਾਰਕ ਸਿਖਲਾਈ ਨੂੰ ਮਜ਼ਬੂਤ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ ਏ । ਉਨ੍ਹਾਂ ਕਿਹਾ ਕਿ ਸਰਕਾਰ ਦੀ ਖੇਤੀਬਾੜੀ ਰਣਨੀਤੀ ਦੇ ਤਿੰਨ ਮੁੱਖ ਟੀਚੇ ਭੋਜਨ ਸੁਰੱਖਿਆ, ਪੋਸ਼ਣ ਅਤੇ ਕਿਸਾਨਾਂ ਦੀ ਉਪਜੀਵਿਕਾ ਨੇ. ਕੱਲ੍ਹ ਨਵੀਂ ਦਿੱਲੀ ਵਿੱਚ ਭਾਰਤੀ ਖੇਤੀਬਾੜੀ ਖੋਜ ਪ੍ਰੀਸ਼ਦ ਦੇ ਵਿਦਿਆਰਥੀਆਂ ਲਈ ਸਕਾਲਰਸ਼ਿਪ ਅਤੇ ਫੈਲੋਸ਼ਿਪਾਂ ਲਈ ਰਾਸ਼ਟਰੀ ਸਕਾਲਰਸ਼ਿਪ ਪੋਰਟਲ ਨਾਲ ਜੁੜੇ ਸਿੱਧੇ ਲਾਭ ਤਬਾਦਲੇ (DBT) ਦੀ ਸ਼ੁਰੂਆਤ ਕਰਦਿਆਂ, ਸ੍ਰੀ ਚੌਹਾਨ ਨੇ ਜ਼ੋਰ ਦਿੱਤਾ ਕਿ ਸਕਾਲਰਸ਼ਿਪ ਸਿੱਧੇ ਅਤੇ ਸਮੇਂ ਸਿਰ ਵਿਦਿਆਰਥੀਆਂ ਤੱਕ ਪਹੁੰਚਣੀ ਚਾਹੀਦੀ ਏ।

---------------------------------------------------------

ਦੇਸ਼ ਅੱਜ ਇਨਕਲਾਬੀ ਆਜ਼ਾਦੀ ਘੁਲਾਟੀਏ ਖੁਦੀਰਾਮ ਬੋਸ ਨੂੰ ਉਨ੍ਹਾਂ ਦੇ 119ਵੇਂ ਸ਼ਹੀਦੀ ਦਿਵਸ 'ਤੇ ਸ਼ਰਧਾਂਜਲੀ ਭੇਟ ਕਰ ਰਿਹਾ ਏ। ਬੰਗਾਲ ਦੇ ਇਨਕਲਾਬੀ ਖੁਦੀਰਾਮ ਬੋਸ ਨੂੰ ਪਹਿਲੀ ਵਾਰ 1908 ਵਿੱਚ ਅੱਜ ਦੇ ਹੀ

ਦਿਨ ਅੰਗਰੇਜ਼ਾਂ ਨੇ ਫਾਂਸੀ ਦਿੱਤੀ ਸੀ। ਇਸ ਨੌਜਵਾਨ ਇਨਕਲਾਬੀ ਦੀ ਸਰ੍ਬੁਚ ਕੁਰਬਾਨੀ ਨੂੰ ਸ਼ਰਧਾਂਜਲੀ ਦੇਣ ਲਈ ਦੇਸ਼ ਭਰ ਵਿੱਚ ਕਈ ਸਮਾਗਮ ਕਰਾਏ ਜਾ ਰਹੇ ਨੇ।

-----------------------------------------------------

ਪੱਛਮੀ ਕੋਲੰਬੀਆ ਵਿੱਚ ਕੱਲ੍ਹ ਆਏ 7.4 ਤੀਬਰਤਾ ਵਾਲੇ ਸ਼ਕਤੀਸ਼ਾਲੀ ਭੂਚਾਲ ਵਿੱਚ, 132 ਲੋਕਾਂ ਦੀ ਮੌਤ ਹੋ ਗਈ ਏ ਅਤੇ 570 ਲੋਕ ਜ਼ਖ਼ਮੀ ਹੋ ਗਏ ਨੇ। ਅਮਰੀਕੀ ਭੂ-ਵਿਗਿਆਨਕ ਸਰਵੇਖਣ ਮੁਤਾਬਿਕ, ਇਸਦਾ ਕੇਂਦਰ, ਰਾਜਧਾਨੀ ਬੋਗੋਟਾ ਤੋਂ ਕਰੀਬ 400 ਕਿਲੋਮੀਟਰ ਪੱਛਮ ਵਿੱਚ, ਚੋਕੋ ਇਲਾਕੇ ਦੇ ਸੈਨ ਹੋਸੇ ਡੇਲ ਪਾਲਮਾਰ ਵਿੱਚ ਸੀ। ਭੂਚਾਲ ਕਾਰਨ ਸੈਂਕੜੇ ਇਮਾਰਤਾਂ ਨੂੰ ਨੁਕਸਾਨ ਪਹੁੰਚਿਆ ਏ ਅਤੇ ਕਈ ਲੋਕਾਂ ਦੇ ਮਲਬੇ ਹੇਠ ਦਬੇ ਹੋਣ ਦੀ ਖ਼ਬਰ ਏ। ਕੋਲੰਬੀਆ ਦੇ ਰਾਸ਼ਟਰਪਤੀ Abelardo de la Espriella ਨੇ ਰਾਹਤ ਅਤੇ ਬਚਾਅ ਕਾਰਜਾਂ ਵਿੱਚ, ਤੇਜ਼ੀ ਲਿਆਉਣ ਲਈ ਹੰਗਾਮੀ ਹਾਲਤ  ਦਾ ਐਲਾਨ ਕੀਤਾ ਏ। ਉਨ੍ਹਾਂ ਕਿਹਾ ਕਿ ਪ੍ਰਭਾਵਿਤ ਲੋਕਾਂ ਨੂੰ ਹਰ ਸੰਭਵ ਮਦਦ ਦਿੱਤੀ ਜਾਵੇਗੀ। ਗੁਆਂਢੀ ਦੇਸ਼ਾਂ Ecuador ਅਤੇ ਪਨਾਮਾ ਵਿੱਚ ਵੀ ਝਟਕੇ ਮਹਿਸੂਸ ਕੀਤੇ ਗਏ, ਹਾਲਾਂਕਿ ਕਿਸੇ ਵੱਡੇ ਨੁਕਸਾਨ ਦੀ ਕੋਈ ਖਬਰ ਨਹੀਂ ਏ।

-----------------------------------------------------

ਕਾਂਵੜ ਯਾਤਰਾ ਦੌਰਾਨ ਸ਼ਰਧਾਲੂ ਵੱਡੀ ਗਿਣਤੀ ਵਿੱਚ ਹਰਿਦੁਆਰ ਪਹੁੰਚ ਰਹੇ ਨੇ. ਕੱਲ੍ਹ ਸ਼ਾਮ ਤੱਕ, 4 ਕਰੋੜ 43 ਲਖ 78 ਹਜ਼ਾਰ ਤੋਂ ਵੱਧ ਸ਼ਰਧਾਲੂ ਪਵਿੱਤਰ ਗੰਗਾ ਜਲ ਲੈ ਕੇ ਆਪਣੇ ਸਥਾਨਾਂ ਲਈ ਰਵਾਨਾ ਹੋ ਚੁੱਕੇ ਸਨ। ਸਾਵਣ ਸ਼ਿਵਰਾਤਰੀ ਦੇ ਮੌਕੇ 'ਤੇ, ਵੱਡੀ ਗਿਣਤੀ ਵਿੱਚ ਸ਼ਰਧਾਲੂ ਭਗਵਾਨ ਸ਼ਿਵ ਨੂੰ ਜਲ ਚੜ੍ਹਾ ਕੇ ਕਾਂਵੜ ਯਾਤਰਾ ਦੀ ਸਮਾਪਤੀ ਕਰ ਰਹੇ ਨੇ।

---------------------------------------------------

ਬੀਤੀ ਰਾਤ ਤੋਂ ਹਿਮਾਚਲ ਪ੍ਰਦੇਸ਼ ਦੇ ਜ਼ਿਆਦਾਤਰ ਹਿੱਸਿਆਂ ਵਿੱਚ ਰੁਕ-ਰੁਕ ਕੇ ਮੀਂਹ ਪੈ ਰਿਹਾ ਏ । ਮੌਸਮ ਵਿਭਾਗ ਨੇ ਅਗਲੇ 24 ਘੰਟਿਆਂ ਦੌਰਾਨ ਰਾਜ ਦੇ ਨੌਂ ਜ਼ਿਲ੍ਹਿਆਂ ਵਿੱਚ ਭਾਰੀ ਮੀਂਹ ਪੈਣ ਦੀ ਚੇਤਾਵਨੀ ਜਾਰੀ ਕੀਤੀ ਏ ।

ਮੌਸਮ ਵਿਭਾਗ ਮੁਤਾਬਿਕ, ਪੰਜਾਬ, ਹਰਿਆਣਾ, ਚੰਡੀਗੜ੍ਹ, ਜੰਮੂ-ਕਸ਼ਮੀਰ, ਲੱਦਾਖ, ਉੱਤਰਾਖੰਡ ਅਤੇ ਦਿੱਲੀ ਵਿੱਚ ਭਾਰੀ ਬਾਰਿਸ਼ ਹੋਵੇਗੀ।

---------------------------------------------------

ਨਾਈਜੀਰੀਆ ਦੇ ਲਾਗੋਸ ਵਿੱਚ, ਰਾਸ਼ਟਰਮੰਡਲ ਅੰਡਰ-23 ਤਲਵਾਰਬਾਜ਼ੀ ਚੈਂਪੀਅਨਸ਼ਿਪ ਦੇ ਪਹਿਲੇ ਦਿਨ, ਭਾਰਤ ਨੇ ਸ਼ਾਨਦਾਰ ਕਾਰਗੁਜ਼ਾਰੀ ਦਾ ਵਿਖਾਲਾ ਕਰਦਿਆਂ, 4 ਸੋਨੇ ਦੇ, 4 ਚਾਂਦੀ ਦੇ ਅਤੇ 9

ਕਾਂਸੀ ਦੇ ਤਮਗਿਆਂ ਸਮੇਤ ਕੁੱਲ੍ਹ 17 ਤਮਗੇ ਜਿੱਤੇ ਨੇ। ਐਤਵਾਰ ਨੂੰ ਸ਼ੁਰੂ ਹੋਈ ਇਹ ਚੈਂਪੀਅਨਸ਼ਿਪ 14 ਅਗਸਤ ਤੱਕ ਚੱਲੇਗੀ।

-----------------------------------------------------------

- ਸੰਸਦ ਨੇ ਟੈਕਸੇਸ਼ਨ ਅਤੇ ਹੋਰ ਵਿਧੀਆਂ ਕਾਨੂੰਨ (ਸੋਧ) ਬਿੱਲ, 2026 ਨੂੰ ਪਾਸ ਕਰ ਦਿੱਤਾ ਏ।

- ਸਰਕਾਰ ਨੇ ਈ-ਵੀਜ਼ਾ ਰੱਖਣ ਵਾਲੇ ਵਿਦੇਸ਼ੀ ਨਾਗਰਿਕਾਂ ਲਈ ਭਾਰਤ ਵਿੱਚ ਦਾਖਿਲ ਹੋਣ ਦੀ ਸਹੂਲਤ ਵਾਸਤੇ ਗਿਆਰਾਂ ਹੋਰ ਅੰਤਰਰਾਸ਼ਟਰੀ ਬੰਦਰਗਾਹਾਂ ਨੂੰ ਨੋਟੀਫਾਈ ਕੀਤਾ ਏ।

- ਝਾਰਖੰਡ ਵਿਦਿਆਰਥੀ ਅੰਦੋਲਨ ਨੇਤਾ ਦੇਵੇਂਦਰ ਨਾਥ ਮਹਤੋ ਸਿਹਤ ਵਿਗੜਨ ਤੋਂ ਬਾਅਦ ਹਸਪਤਾਲ ਵਿੱਚ ਦਾਖਲ. ਵਿਦਿਆਰਥੀਆਂ ‘ਤੇ ਲਾਠੀ ਚਾਰਜ d ਇਬਾਦ ਅੱਜ ਭਾਜਪਾ ਦਾ ਝਾਰਖੰਡ ਬੰਦ ਦਾ ਸੱਦਾ।

- ਦੇਸ਼ ਅੱਜ ਇਨਕਲਾਬੀ ਆਜ਼ਾਦੀ ਘੁਲਾਟੀਏ ਖੁਦੀਰਾਮ ਬੋਸ ਨੂੰ ਉਨ੍ਹਾਂ ਦੇ 119ਵੇਂ ਸ਼ਹੀਦੀ ਦਿਵਸ 'ਤੇ ਸ਼ਰਧਾਂਜਲੀ ਭੇਟ ਕਰ ਰਿਹਾ ਏ।

- ਪੱਛਮੀ ਕੋਲੰਬੀਆ ਵਿੱਚ ਕੱਲ੍ਹ ਆਏ 7.4 ਤੀਬਰਤਾ ਵਾਲੇ ਸ਼ਕਤੀਸ਼ਾਲੀ ਭੂਚਾਲ ਵਿੱਚ, 132 ਲੋਕਾਂ ਦੀ ਮੌਤ ਅਤੇ 570 ਹੋਰ ਜ਼ਖ਼ਮੀ।

- ਨਾਈਜੀਰੀਆ ਦੇ ਲਾਗੋਸ ਵਿੱਚ, ਰਾਸ਼ਟਰਮੰਡਲ ਅੰਡਰ-23 ਤਲਵਾਰਬਾਜ਼ੀ ਚੈਂਪੀਅਨਸ਼ਿਪ ਵਿਚ, ਭਾਰਤ ਨੇ 4 ਸੋਨੇ ਦੇ, ਤਮਗਿਆਂ ਸਮੇਤ ਕੁੱਲ੍ਹ 17 ਤਮਗੇ ਜਿੱਤੇ।

------------------------------------------------------------------------

**ਇਸਦੇ ਨਾਲ ਹੀ ਸਾਡਾ ਇਹ ਬੁਲੇਟਿਨ ਖਤਮ ਹੁੰਦਾ ਏ ਸਾਡਾ ਅਗਲਾ ਪ੍ਰਾਦੇਸ਼ਿਕ ਬੁਲੇਟਿਨ ਦੁਪਹਿਰ ਬਾਅਦ 1 ਵਜ ਕੇ 10 ਮਿੰਟ 'ਤੇ ਹੋਏਗਾ. ਨਮਸਕਾਰ!**